Press Note

JAGAT GURU NANAK DEV PUNJAB STATE OPEN UNIVERSITY, PATIALA
(Established by Act No.19 of 2019 of Legislature of the State of Punjab)

**PSOU/PRC/2025/141** **21 ਫਰਵਰੀ 2025**

## JGND PSOU ਵਿਖੇ ਲਰਨਰ ਸਪੋਰਟ ਕੇਂਦਰਾਂ ਨਾਲ ਅਕਾਦਮਿਕ ਚਰਚਾ

**21 ਫਰਵਰੀ 2025**

ਦਾਖ਼ਲਾ ਸੈੱਲ, ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ, ਪਟਿਆਲਾ ਵਿਖੇ ਸ੍ਰੀ ਕੇ. ਕੇ. ਯਾਦਵ (ਆਈ. ਏ. ਐਸ.) ਮਾਨਯੋਗ ਵਾਈਸ ਚਾਂਸਲਰ ਦੀ ਅਗਵਾਈ ਹੇਠ 21 ਫਰਵਰੀ 2025 ਨੂੰ ਇੱਕ ਰੋਜ਼ਾ ਵਿਸ਼ੇਸ਼ ਸਮਾਗਮ 'ਲਰਨਰ ਸਪੋਰਟ ਸੈਂਟਰਸ ਨਾਲ ਅਕਾਦਮਿਕ ਚਰਚਾ' ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਨੂੰ ਹੋਰ ਵਧਾਣਾ ਅਤੇ ਓਨਲਾਈਨ ਅਤੇ ਡਿਸਟੈਂਸ ਲਰਨਿੰਗ (ODL) ਦੇ ਲਾਭਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਸਮਾਗਮ ਵਿੱਚ ਲਗਭਗ 53 ਲਰਨਰ ਸਪੋਰਟ ਕੇਂਦਰਾਂ ਨੇ ਭਾਗ ਲਿਆ । ਇਹ ਸਮਾਗਮ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ ਦੇ ਦਿਸ਼ਾ ਨਿਰਦੇਸ਼ਾਂ ਰਾਹੀਂ ਹੀ ਕਰਵਾਇਆ ਗਿਆ।

ਡਾ. ਗਗਨ ਦੀਪ ਔਲ, ਡਿਪਟੀ ਰਜਿਸਟਰਾਰ ਨੇ ਪਰੀਖਿਆ ਦੀ ਪ੍ਰਕਿਰਿਆ ਬਾਰੇ ਦੱਸਿਆ । ਪਰੀਖਿਆ ਦੀਆਂ ਤਰੀਕਾਂ, ਫਾਰਮ ਭਰਨ ਦੀ ਪ੍ਰਕਿਰਿਆ, ਨਤੀਜਿਆਂ ਸੰਬੰਧੀ ਜਾਣਕਾਰੀ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਵੀ ਉਪਲੱਬਧ ਹੈ।ਹੈ। ਡਾ. ਅਮਿਤੋਜ ਸਿੰਘ ਡਾਇਰੈਕਟਰ, CITS ਨੇ ਯੂਨੀਵਰਸਿਟੀ ਦੀ ਵੈੱਬਸਾਈਟ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਵਿਦਿਆਰਥੀਆਂ, ਅਧਿਆਪਕਾਂ ਤੇ ਆਮ ਲੋਕਾਂ ਲਈ ਇੱਕ ਮਹੱਤਵਪੂਰਨ ਸਰੋਤ ਹੈ, ਜਿੱਥੇ ਯੂਨੀਵਰਸਿਟੀ ਸੰਬੰਧੀ ਤਾਜ਼ਾ ਅੱਪਡੇਟਸ, ਨੋਟਿਸ, ਪ੍ਰਵੇਸ਼ ਵਿਧੀ ਤੇ ਹੋਰ ਲੋੜੀਂਦੀ ਜਾਣਕਾਰੀ ਉਪਲਬਧ ਹੈ। ਡਾ. ਸੁਖਪਾਲ ਨੇ ਯੂਨੀਵਰਸਿਟੀ ਦੀ ਵੈਬਸਾਈਟ, ਵੀਡੀਓ ਲੈਕਚਰ, ਦਾਖ਼ਲੇ ਦੀ ਪ੍ਰਕਿਰਿਆ, ਵੱਖ-ਵੱਖ ਵਰਗਾਂ ਦੇ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਸਾਰਿਆਂ ਸਾਹਮਣੇ ਬੜੇ ਸੁਚੱਜੇ ਢੰਗ ਨਾਲ ਰੱਖਿਆ। ਡਾ. ਕੌਰ ਨੇ ਦੱਸਿਆ ਕਿ ਯੂਨੀਵਰਸਿਟੀ ਆਉਣ ਵਾਲੇ ਸਮੇਂ ਵਿੱਚ ਆਪਣੇ ਪ੍ਰੋਗਰਾਮਾਂ ਵਿੱਚ ਵਾਧਾ ਕਰੇਗੀ। ਡਾ. ਵਿਨੋਦ ਕੁਮਾਰ, ਸਹਾਇਕ ਪ੍ਰੋਫ਼ੈਸਰ ਨੇ ਯੂਨੀਵਰਸਿਟੀ ਅਤੇ ਇਸ ਵਿੱਚ ਚਲ ਰਹੇ ਵੱਖ-ਵੱਖ ਕੋਰਸਾਂ ਬਾਰੇ ਦੱਸਿਆ। ਯੂਨੀਵਰਸਿਟੀ, ਵਿੱਚ ਚਲ ਰਹੇ ਪੋਸਟ-ਗ੍ਰੈਜੂਏਟ, ਅੰਡਰ-ਗਰੈਜੂਏਟ ਅਤੇ ਸਰਟੀਫਿਕੇਟ/ਡਿਪਲੋਮਾ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ । ਉਨ੍ਹਾਂ ਨੇ ਯੂਨੀਵਰਸਿਟੀ ਦੁਆਰਾ ਚਲਾਏ ਜਾ ਰਹੇ ਲਰਨਰ ਸਪੋਰਟ ਕੇਂਦਰਾਂ ਬਾਰੇ ਜਾਣਕਾਰੀ ਦਿੱਤੀ। ਇਨ੍ਹਾਂ ਕੇਂਦਰਾਂ ਰਾਹੀਂ ਵਿਦਿਆਰਥੀਆਂ ਨੂੰ ਅਕਾਦਮਿਕ ਸਹਾਇਤਾ ਮਿਲਦੀ ਡਾ. ਸੁਖਪਾਲ ਕੌਰ, ਮੁਖੀ ਦਾਖ਼ਲਾ ਸੈੱਲ, ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ ਦਾਖ਼ਲੇ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੁਆਰਾ ਯੂਨੀਵਰਸਿਟੀ ਵਿੱਚ ਚਲ ਰਹੇ ਕੋਰਸਾਂ ਬਾਰੇ ਵੀ ਸੰਖੇਪ ਵਿੱਚ ਜਾਣਕਾਰੀ ਦਿੱਤੀ ਗਈ।

ਯੂਨੀਵਰਸਿਟੀ ਦੇ ਪ੍ਰਬੰਧਕਾਂ ਦੁਆਰਾ ਲਰਨਰ ਸਪੋਰਟ ਕੇਂਦਰਾਂ ਦੇ ਪ੍ਰਿੰਸੀਪਲਾਂ ਅਜੇ ਕੋਆਡੀਨੇਟਰਾਂ ਪੁੱਛੇ ਸਵਾਲਾਂ ਦਾ ਜਵਾਬ ਦਿੱਤਾ ਗਿਆ। ਪ੍ਰੋ. ਕਵੰਲਵੀਰ ਸਿੰਘ ਢੀਂਡਸਾ ਕੰਟਰੋਲਰ ਪ੍ਰੀਖਿਆ ਦੁਆਰਾ ਆਏ ਸਾਰੇ ਪ੍ਰਿੰਸੀਪਲਾਂ ਅਤੇ ਕੁਆਰਡੀਨੇਟਰਾਂ ਦਾ ਧੰਨਵਾਦ ਕੀਤਾ ਗਿਆ।

ਡਾਇਰੈਕਟਰ
ਲੋਕ ਸੰਪਰਕ
Director-Public Relations Cell
Jagat Guru Nanak Dev
Punjab State Open University
Patiala – 147001(PB) INDIA

News Clips



ਓਪਨ ਯੂਨੀਵਰਸਿਟੀ 'ਚ ਕਰਵਾਏ ਸੈਮੀਨਾਰ ਦੌਰਾਨ ਸੰਬੋਧਨ ਕਰਦੇ ਹੋਏ ਵਕਤਾ। ਪੰਜਾਬੀ ਜਾਗਰਣ

# ਓਪਨ ਯੂਨੀਵਰਸਿਟੀ 'ਚ ਸੈਮੀਨਾਰ ਕਰਵਾਇਆ

**ਪੱਤਰ ਪ੍ਰੇਰਕ•, ਪੰਜਾਬੀ ਜਾਗਰਣ, •ਪਟਿਆਲਾ** : ਦਾਖ਼ਲਾ ਸੈੱਲ ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਪਟਿਆਲਾ ਵਿਖੇ ਵਾਈਸ ਚਾਂਸਲਰ ਕੇ ਕੇ ਯਾਦਵ (ਆਈਏਐੱਸ) ਦੀ ਅਗਵਾਈ ਹੇਠ 21 ਫਰਵਰੀ 2025 ਨੂੰ ਇਕ ਰੋਜ਼ਾ ਵਿਸ਼ੇਸ਼ ਸਮਾਗਮ 'ਲਰਨਰ ਸਪੋਰਟ ਸੈਂਟਰਸ ਨਾਲ ਅਕਾਦਮਿਕ ਚਰਚਾ' ਕਰਵਾਈ ਗਈ। ਸਮਾਗਮ ਦਾ ਮੁੱਖ ਉਦੇਸ਼ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਨੂੰ ਹੋਰ ਵਧਾਉਣਾ ਅਤੇ ਆਨਲਾਈਨ ਅਤੇ ਡਿਸਟੈਂਸ ਲਰਨਿੰਗ ਦੇ ਲਾਭਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਸਮਾਗਮ ਵਿਚ ਲਗਭਗ 53 ਲਰਨਰ ਸਪੋਰਟ ਕੇਂਦਰਾਂ ਨੇ ਭਾਗ ਲਿਆ। ਸਮਾਗਮ ਪ੍ਰੋ (ਡਾ) ਬਲਜੀਤ ਸਿੰਘ ਖਹਿਰਾ ਦੇ ਦਿਸ਼ਾ ਨਿਰਦੇਸ਼ਾਂ ਰਾਹੀ ਕਰਵਾਇਆ ਗਿਆ। ਡਾ ਗਗਨਦੀਪ ਔਲਖ, ਡਿਪਟੀ ਰਜਿਸਟਰਾਰ ਨੇ ਪ੍ਰੀਖਿਆ ਦੀ ਪ੍ਰਕਿਰਿਆ ਬਾਰੇ ਦੱਸਿਆ। ਪ੍ਰੀਖਿਆ ਦੀਆਂ ਤਰੀਕਾਂ, ਫਾਰਮ ਭਰਨ ਦੀ ਪ੍ਰਕਿਰਿਆ, ਨਤੀਜਿਆਂ ਸੰਬੰਧੀ ਜਾਣਕਾਰੀ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਵੀ ਉਪਲੱਬਧ ਹੈ। ਡਾ ਅਮਿਤੋਜ ਸਿੰਘ ਡਾਇਰੈਕਟਰ ਸੀਆਈਟੀਐੱਸ ਨੇ ਯੂਨੀਵਰਸਿਟੀ ਦੀ ਵੈੱਬਸਾਈਟ ਬਾਰੇ ਜਾਣਕਾਰੀ ਦਿੱਤੀ। ਡਾ ਸੁਖਪਾਲ ਨੇ ਯੂਨੀਵਰਸਿਟੀ ਦੀ ਵੈੱਬਸਾਈਟ, ਵੀਡੀਓ ਲੈਕਚਰ, ਦਾਖ਼ਲੇ ਦੀ ਪ੍ਰਕਿਰਿਆ, ਵੱਖ-ਵੱਖ ਵਰਗਾਂ ਦੇ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਸਾਰਿਆਂ ਸਾਹਮਣੇ ਬੜੇ ਸੁਚੱਜੇ ਢੰਗ ਨਾਲ ਰੱਖਿਆ। ਡਾ ਕੌਰ ਨੇ ਦੱਸਿਆ ਕਿ ਯੂਨੀਵਰਸਿਟੀ ਆਉਣ ਵਾਲੇ ਸਮੇ 'ਚ ਅਪਣੇ ਪ੍ਰੋਗਰਾਮਾਂ ਵਿਚ ਵਾਧਾ ਕਰੇਗੀ। ਡਾ ਵਿਨੋਦ ਕੁਮਾਰ ਸਹਾਇਕ ਪ੍ਰੋਫ਼ੈਸਰ ਨੇ ਯੂਨੀਵਰਸਿਟੀ ਅਤੇ ਇਸ ਵਿਚ ਚਲ ਰਹੇ ਵੱਖ-ਵੱਖ ਕੋਰਸਾਂ ਬਾਰੇ ਦੱਸਿਆ।


SUN,23 FEBRUARY 2025
EDITION: PATIALA KESARI, PAGE NO. 1


# ओपन यूनिवर्सिटी में लर्नर स्पोर्ट केन्द्रों के साथ अकादमिक चर्चा आयोजित



यूनिवर्सिटी में आयोजित अकादमिक चर्चा का दृश्य। (सुंदर)

पटियाला, 22 फरवरी (राजेश पंजौला): दाखिला सैल जगत गुरु नानक देव पंजाब राज ओपन यूनिवर्सिटी, पटियाला में के. के. यादव ( आई. ए. एस.) वाइस चांसलर के नेतृत्व में 21 फरवरी 2025 को एक दिवसीय विशेष समागम ' लर्नर स्पोर्ट सैंटर्स के साथ अकादमिक चर्चा' का आयोजन किया गया।

इस समागम का मुख्य उद्देश्य शिक्षा के प्रचार प्रसार को बढ़ाना और ऑन लाईन और डिस्टैंस लर्निंग के लाभ के बारे जानकारी प्रदान करना है। इस समागम में लगभग 53 लर्नर स्पोर्ट केन्द्रों ने भाग लिया।

यह समागम प्रो. ( डा.) बलजीत सिंह खेहरा के दिशा निर्देशों के द्वारा ही करवाया गया। डा. गगन दीप भवना डिप्टी रजिस्ट्रार ने परीक्षा प्रक्रिया के बारे बताया। परीक्षा की तरीके, फार्म भरने की प्रक्रिया, नतीजों संबंधित जानकारी यूनिवर्सिटी की वैबसाईट पर भी उपलब्ध है।

डा. अमितोज सिंह डायरैक्टर ने यूनिवर्सिटी की वैबसाईट बारे जानकारी देते कहा कि यह विद्यार्थियों, अध्यापकों और आम लोगों के लिए एक महत्वपूर्ण स्रोत है, जहां यूनिवर्सिटी संबंधित ताजा अप्डेटस, नोटिस, प्रवेश विधि और ओर अपेक्षित जानकारी उपलब्ध है।

डा. सुखपाल ने यूनिवर्सिटी की वैबसाईट, वीडियो लैक्चर, दाखिले की प्रिरया, अलग अलग वर्गों के विद्यार्थियों के लिए चलाई जा रही स्कीमों को सभी सामने बड़े सभ्यक ढंग के साथ रखा।

# ਓਪਨ ਯੂਨੀਵਰਸਿਟੀ ਵਿਖੇ ਲਰਨਰ ਸਪੋਰਟ ਕੇਂਦਰਾਂ ਨਾਲ ਅਕਾਦਮਿਕ ਚਰਚਾ



ਯੂਨੀਵਰਸਿਟੀ ਵਿਖੇ ਆਯੋਜਿਤ ਅਕਾਦਮਿਕ ਚਰਚਾ ਦਾ ਦ੍ਰਿਸ਼। (ਫੋਟੋ)

ਪਟਿਆਲਾ, 21 ਫਰਵਰੀ (ਰਾਜੇਸ਼ ਪੰਜੌਲਾ)- ਦਾਖਲਾ ਸੈੱਲ ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਵਿਖੇ ਕੇ. ਕੇ. ਯਾਦਵ (ਆਈ. ਏ. ਐੱਸ.) ਵਾਈਸ ਚਾਂਸਲਰ ਦੀ ਅਗਵਾਈ ਹੇਠ 21 ਫਰਵਰੀ 2025 ਨੂੰ ਇਕ ਰੋਜ਼ਾ ਵਿਸ਼ੇਸ਼ ਸਮਾਗਮ 'ਲਰਨਰ ਸਪੋਰਟ ਸੈਂਟਰਸ ਨਾਲ ਅਕਾਦਮਿਕ ਚਰਚਾ' ਦਾ ਆਯੋਜਨ ਕੀਤਾ ਗਿਆ। ਸਮਾਗਮ ਦਾ ਮੁੱਖ ਉਦੇਸ਼ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਨੂੰ ਹੋਰ ਵਧਾਉਣਾ ਅਤੇ ਓਨਲਾਈਨ ਅਤੇ ਡਿਸਟੈਂਸ ਲਰਨਿੰਗ ਦੇ ਲਾਭਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ 'ਚ ਲਗਭਗ 53 ਲਰਨਰ ਸਪੋਰਟ ਕੇਂਦਰਾਂ ਨੇ ਭਾਗ ਲਿਆ।

ਇਹ ਸਮਾਗਮ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ ਦੇ ਦਿਸ਼ਾ-ਨਿਰਦੇਸ਼ਾਂ ਰਾਹੀਂ ਹੀ ਕਰਵਾਇਆ ਗਿਆ। ਡਾ. ਗਗਨ ਦੀਪ ਔਲ ਡਿਪਟੀ ਰਜਿਸਟਰਾਰ ਨੇ ਪ੍ਰੀਖਿਆ ਦੀ ਪ੍ਰਕਿਰਿਆ ਬਾਰੇ ਦੱਸਿਆ। ਪ੍ਰੀਖਿਆ ਦੀਆਂ ਤਰੀਕਾਂ, ਫਾਰਮ ਭਰਨ ਦੀ ਪ੍ਰਕਿਰਿਆ, ਨਤੀਜਿਆਂ ਸਬੰਧੀ ਜਾਣਕਾਰੀ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਵੀ ਉਪਲੱਬਧ ਹੈ।

ਡਾ. ਅਮਿਤੋਜ ਸਿੰਘ ਡਾਇਰੈਕਟਰ ਨੇ ਯੂਨੀਵਰਸਿਟੀ ਦੀ ਵੈੱਬਸਾਈਟ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਵਿਦਿਆਰਥੀਆਂ, ਅਧਿਆਪਕਾਂ ਤੇ ਆਮ ਲੋਕਾਂ ਲਈ ਇਕ ਮਹੱਤਵਪੂਰਨ ਸਰੋਤ ਹੈ, ਜਿੱਥੇ ਯੂਨੀਵਰਸਿਟੀ ਸਬੰਧੀ ਤਾਜ਼ਾ ਅਪਡੇਟਸ, ਨੋਟਿਸ, ਪ੍ਰਵੇਸ਼ ਵਿਧੀ ਤੇ ਹੋਰ ਲੋੜੀਂਦੀ ਜਾਣਕਾਰੀ ਉਪਲੱਬਧ ਹੈ। ਡਾ. ਸੁਖਪਾਲ ਨੇ ਯੂਨੀਵਰਸਿਟੀ ਦੀ ਵੈੱਬਸਾਈਟ, ਵੀਡੀਓ ਲੈਕਚਰ, ਦਾਖਲੇ ਦੀ ਪ੍ਰਕਿਰਿਆ, ਵੱਖ-ਵੱਖ ਵਰਗਾਂ ਦੇ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਸਾਰਿਆਂ ਸਾਹਮਣੇ ਬੜੇ ਸੁਚੱਜੇ ਢੰਗ ਨਾਲ ਰੱਖਿਆ।

Photos




Jagat Guru Nanak Dev
Punjab State Open University, Patiala


Date: 21 February 2025
Organizing Chairperson
Dr. Sukhpal Kaur
Head, Admission Cell
Organizing Secretary
Dr. Parampreet Kaur
Co-Cordinator, University Admissions
Coordinators
Team Admission Cell
JGND PSOU, Patiala

## Links

https://www.facebook.com/share/p/12F6Y2DwLDn/

https://www.facebook.com/share/p/12DFLmcyGgs/

https://www.instagram.com/share/p/BAFf5y6EMN

https://www.instagram.com/share/p/BBFwGzkBCv